**ਡਾਇਰੈਕਟੋਰੇਟ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ।**
ਸੈਕਟਰ 36-ਏ, ਪਲਾਟ ਨੰ: 1-ਏ, ਚੰਡੀਗੜ੍ਹ। ਫੈਕਸ : 2614622, ਫੋਨ : 5022301, 5022367, 5022364, 5022357
ਵੈਬਸਾਇਟ : www.dtepunjab.gov.in, ਈ-ਮੇਲ : dit_trg@yahoo.in

(ਟ੍ਰੇਨਿੰਗ ਸ਼ਾਖਾ)

## ਦਾਖਲਾ ਨੋਟਿਸ ਸੈਸ਼ਨ 2010
## ਪੰਜਾਬ ਰਾਜ ਦੀਆਂ ਸਰਕਾਰੀ ਸੰਸਥਾਵਾਂ ਵਿਚ

**ਅਨੁਸੂਚਿਤ ਜਾਤੀ ਨਾਲ ਸਬੰਧਤ** ਵੋਕੇਸ਼ਨਲ ਟ੍ਰੇਨਿੰਗ ਸਕੀਮ ਅਧੀਨ ਵੈਲਡਰ, ਹੇਅਰ ਐਂਡ ਸਕਿਨ ਕੇਅਰ, ਬਲੀਚਿੰਗ ਐਂਡ ਡਾਇੰਗ ਕੈਲੀਕੋ ਪ੍ਰਿੰਟਿੰਗ, ਡਰੈਸ ਮੇਕਿੰਗ ਅਤੇ ਕਾਰਪੇਂਟਰ ਟਰੇਡਾਂ ਵਿੱਚ ਦਾਖਲਾ ਕੀਤਾ ਜਾਣਾ ਹੈ।ਇਸ ਸਬੰਧੀ ਸਬੰਧਤ ਸੰਸਥਾਵਾਂ ਦੇ ਮੁੱਖੀਆਂ ਨਾਲ ਤਾਲਮੇਲ ਕੀਤਾ ਜਾਵੇ।

| | | | |
|---|---|---|---|
| **1.** | ਅਰਜੀਆਂ ਲੈਣ ਦੀ ਆਖਰੀ ਮਿਤੀ | 20-10-2010 | ਬੁੱਧਵਾਰ |
| **2.** | ਮੈਰਿਟ ਲਿਸ਼ਟਾਂ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ (ਦੁਪਿਹਰ ਪਹਿਲਾਂ) | 21-10-2010 | ਵੀਰਵਾਰ |
| **3.** | ਮੈਰਿਟ ਲਿਸ਼ਟਾਂ ਸਬੰਧੀ ਉਮੀਦਵਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ (ਬਾਦ ਦੁਪਿਹਰ) | 21-10-2010 | ਵੀਰਵਾਰ |
| **4.** | ਅਨੁਸੂਚਿਤ ਜਾਤੀ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਉ ਦੀ ਮਿਤੀ | 25-10-2010 | ਸੋਮਵਾਰ |
| **5.** | ਕਲਾਸਾਂ ਲਗਾਉਣ ਦੀ ਮਿਤੀ | 26-10-2010 | ਮੰਗਲਵਾਰ |

| ਲੜੀ ਨੰ: | ਸੰਸਥਾ ਦਾ ਨਾਂ | ਕੋਰਸ ਦਾ ਨਾਂ |
|---|---|---|
| 1 | ਉ.ਸਿ.ਸੰ., ਅੰਮ੍ਰਿਤਸਰ, ਨੰਗਲ, ਰੋਪੜ, ਫਰੀਦਕੋਟ, ਫਿਰੋਜਪੁਰ, ਗੁਜਰਵਾਲ, ਮਾਨੂਕੇ, ਲੋਪੋਕੇ, ਲੁਧਿਆਣਾ, ਸੁਨਾਮ, ਬੱਸੀ ਪਠਾਣਾਂ, ਬਗਵਾਈਂ, ਸੂੰਢ | ਵੈਲਡਰ |
| 2 | ਉ.ਸਿ.ਸੰ., ਰਾਜਪੁਰਾ, ਮਲੇਰਕੋਟਲਾ, ਫਤਹਿਗੜ੍ਹ ਚੂੜੀਆਂ, ਫਾਜਿਲਕਾ | ਕਾਰਪੈਂਟਰ |
| 3 | ਉ.ਸਿ.ਸੰ., ਮੂਣਕ | ਡਰੈਸ ਮੇਕਿੰਗ |
| 4 | ਉ.ਸਿ.ਸੰ., ਗੁਰਦਾਸਪੁਰ (ਇ.) | ਬਲੀਚਿੰਗ ਡਾਇੰਗ ਐਂਡ ਕੈਲੀਕੋ ਪ੍ਰੀਟਿੰਗ |
| 5 | ਉ.ਸਿ.ਸੰ., ਬਰਨਾਲਾ | ਹੇਅਰ ਐਂਡ ਸਕਿਨ ਕੇਅਰ |

### ਯੋਗਤਾ ਅਤੇ ਦਾਖਲਾ

ਬਿਨੈਕਾਰ ਦੀ ਉਮਰ 14 ਤੋਂ 40 **ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਐਕਸ ਸਰਵਿਸਮੈਨ ਅਤੇ ਵਾਰ-ਵਿਡੋਜ਼ ਦੀ ਉਪਰਲੀ ਉਮਰ ਦੀ ਹੱਦ 45 ਸਾਲ ਹੈ।**

### ਜ਼ਰੂਰੀ ਨੋਟ

1 ਦਾਖਲੇ ਦੀ ਇੰਟਰਵਿਊ ਲਈ ਉਮੀਦਵਾਰਾਂ ਨੂੰ ਕੋਈ ਵੱਖਰਾ ਸੱਦਾ ਪੱਤਰ ਨਹੀਂ ਭੇਜਿਆ ਜਾਵੇਗਾ।

2 ਸਾਰੇ ਉਮੀਦਵਾਰ ਚੋਣ ਵਾਲੇ ਦਿਨ ਆਪਣੀਆਂ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਨਾਲ ਲਿਆਉਣਗੇ।

3 ਇੰਟਰਵਿਊ ਵਾਲੇ ਦਿਨ ਹਾਜਰੀ ਲਗਾਉਣ ਦਾ ਸਮਾਂ ਸਵੇਰੇ 9.00 ਵੱਜੇ ਤੋਂ 11.00 ਵਜੇ ਤੱਕ ਹੋਵੇਗਾ। ਜਿਹੜਾ ਉਮੀਦਵਾਰ ਦਾਖਲਾ ਚੋਣ ਕਮੇਟੀ ਸਾਹਮਣੇ ਨਿਰਧਾਰਤ ਸਮੇਂ ਤੇ ਪੇਸ਼ ਨਹੀਂ ਹੋਵੇਗਾ, ਉਸ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।

4 ਦਾਖਲੇ ਲਈ ਜਿੰਨੀਆਂ ਅਰਜ਼ੀਆਂ ਪ੍ਰਾਪਤ ਹੁੰਦੀਆਂ ਹਨ, ਉਹਨਾਂ ਸਭ ਦੀ ਇਕੋ ਹੀ ਮੈਰਿਟ ਲਿਸਟ ਤਿਆਰ ਕੀਤੀ ਜਾਵੇ।

5 ਉਮੀਦਵਾਰਾਂ ਵਲੋ ਇੰਟਰਵਿਊ ਨਿਸਚਿਤ ਮਿਤੀ ਅਤੇ ਸਮੇਂ ਤੇ ਅਪੀਅਰ ਨਾ ਹੋਣ ਤੇ, ਉਨ੍ਹਾਂ ਦਾ ਦਾਖਲੇ ਲਈ ਕੋਈ ਕਲੇਮ ਨਹੀਂ ਹੋਵੇਗਾ। ਇਸ ਸਬੰਧੀ ਕਿਸੇ ਵੀ ਪੱਤਰ ਵਿਹਾਰ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

6 ਇਹ ਸਿਖਿਆਰਥੀ ਆਈ.ਟੀ.ਆਈ., ਵਿਚ ਇਸ ਟ੍ਰੇਡ ਤਹਿਤ ਪਹਿਲਾਂ ਟ੍ਰੇਨਿੰਗ ਲੈ ਰਹੇ ਸਿਖਿਆਰਥੀਆਂ ਨਾਲੋਂ ਵੱਖਰੇ ਹੋਣਗੇ।

7 ਸਿਖਲਾਈ ਆਪਣੀ ਕੰਮ ਸ਼ੁਰੂ ਕਰਨ ਦੇ ਚਾਹਵਾਨ ਸਿਖਿਆਰਥੀਆਂ ਨੂੰ ਵਾਹਨ ਖ਼੍ਰੀਦਣ ਲਈ ਪੰਜਾਬ ਅਨੁਸੂਚਿਤ ਜ਼ਾਤੀ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਪੰਜਾਬ ਤੋਂ ਕਰਜ਼ਾ ਦਿਵਾਉਣ ਲਈ ਭਲਾਈ ਵਿਭਾਗ, ਪੰਜਾਬ ਮਦਦ ਕਰੇਗਾ।

8 ਭਲਾਈ ਵਿਭਾਗ ਵਲੋਂ ਸਿਖਿਆਰਥੀਆਂ ਨੂੰ ਸਕੀਮ ਤਹਿਤ 750/- ਰੁ: ਪ੍ਰਤੀ ਮਹੀਨਾ ਪ੍ਰਤੀ ਸਿਖਿਆਰਥੀ ਸ਼ਕਾਲਰਸ਼ਿਪ/ਸਟਾਈਫਿੰਡ ਦਿੱਤਾ ਜਾਵੇਗਾ।

9 ਰਿਜ਼ਰਵ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜ਼ਾਰੀ ਕੀਤਾ ਅਸਲ ਸਰਟੀਫਿਕੇਟ ਲੇਕੇ ਆਉਣਗੇ। ਅਜਿਹਾ ਸਬੂਤ ਪੇਸ਼ ਨਾ ਕਰਨ ਦੀ ਸੂਰਤ ਵਿੱਚ ਉਸਨੂੰ ਰਿਜ਼ਰਵ ਕੈਟਾਗਰੀ ਵਜੋਂ ਵਿਚਾਰਿਆ ਨਹੀ ਜਾਵੇਗਾ।

10 ਜੇਕਰ ਕੌਂਸਲਿੰਗ ਸ਼ੁਰੂ ਹੋਣ ਤੇ ਮੈਰਿਟ ਵਿੱਚ ਆਉਂਦਾ ਉਮੀਦਵਾਰ ਹਾਜ਼ਰ ਨਹੀ ਹੁੰਦਾ ਤਾਂ ਉਸਤੋਂ ਹੇਠਾਂ ਵਾਲੇ ਉਮੀਦਵਾਰ ਨੂੰ ਉਸ ਟਰੇਡ ਵਿਚ ਸੀਟ ਮਿਲ ਜਾਵੇਗੀ । ਲੇਟ ਆਉਣ ਦੀ ਸੂਰਤ ਵਿੱਚ ਸੀਟ ਸਬੰਧੀ ਕਲੇਮ ਨਹੀ ਹੋਵੇਗਾ ਅਤੇ ਉਸ ਦੇ ਆਉਣ ਸਮੇਂ ਜਿਹੜੀ ਮੈਰਿਟ ਤੇ ਕੌਂਸਲਿੰਗ ਚਲ ਰਹੀ ਹੋਵੇਗੀ, ਤੇ ਵਿਚਾਰਿਆ ਜਾਵੇਗਾ।

11 ਉਮੀਦਵਾਰਾਂ ਨੂੰ ਇੰਟਰਵਿਊ ਤੇ ਹਾਜ਼ਰ ਹੋਣ ਲਈ ਕੋਈ ਟੀ.ਏ/ ਡੀ.ਏ ਨਹੀਂ ਦਿੱਤਾ ਜਾਵੇਗਾ।

12 ਸਿਖਿਆਰਥੀਆਂ ਨੂੰ ਐਨ.ਸੀ.ਵੀ.ਟੀ/ ਐਸ.ਸੀ.ਵੀ.ਟੀ. ਦੇ ਸਰਟੀਫਿਕੇਟ ਦਿੱਤੇ ਜਾਣਗੇ।

13 ਇਸ ਸਕੀਮ ਦੀ ਵਧੇਰੇ ਜਾਣਕਾਰੀ ਲਈ ਡਾਇਰੈਕਟਰ, ਅਨੁਸੂਚਿਤ ਜ਼ਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ, ਐਸ.ਸੀ.ਓ. ਨੰ: 128-29, ਸੈਕਟਰ-34-ਏ, ਚੰਡੀਗੜ ਅਤੇ ਪੰਜਾਬ ਰਾਜ ਦੇ ਜ਼ਿਲਿਆਂ ਵਿਚ ਸਬੰਧਤ ਜ਼ਿਲ੍ਹਾ ਭਲਾਈ ਅਫਸਰ ਅਤੇ ਸਬੰਧਤ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਮੁੱਖੀਆਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।ਇਨ੍ਹਾਂ ਟਰੇਡਾਂ ਦੀ ਸਿਲਖਾਈ ਭਲਾਈ ਵਿਭਾਗ ਵ੍ਰਲੋਂ ਸਪੋਸਰ ਕੀਤੀ ਜਾ ਰਹੀ ਹੈ।

14 ਸਾਰੀਆਂ ਸੰਸਥਾਵਾਂ ਦੇ ਮੁੱਖੀ ਦਾਖਲੇ ਉਪਰੰਤ ਦਾਖਲਾ ਸੂਚਨਾ ਮੁਕੰਮਲ ਤੌਰ ਤੇ ਮਿਤੀ 27-10-10 ਤੱਕ ਟ੍ਰੇਨਿੰਗ ਸ਼ਾਖਾ ਨੂੰ ਈ.ਮੇਲ ਰਾਹੀਂ dit_trg@yahoo.in ਤੇ ਭੇਜਣਗੇ। ਇਹ ਸੂਚੀਆਂ ਦਸਤੀ ਤੌਰ ਤੇ ਵੀ ਮਿਤੀ 29.10.10 ਤੱਕ ਭੇਜੀਆਂ ਜਾਣ। ਚੇਅਰਮੈਨ ਦਾਖਲਾ ਚੋਣ ਕਮੇਟੀ-ਕਮ-ਸਬੰਧਤ ਉਪ ਮੰਡਲ ਮੈਜਿਸਟ੍ਰੇਟ ਤੋਂ ਬਿਨਾਂ ਤਸਦੀਕ ਕੀਤੇ ਭੇਜੀਆਂ ਦਾਖਲਾ ਸੂਚੀਆਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ।

ਮਿਤੀ: ਚੰਡੀਗੜ੍ਹ

ਵੀ.ਕੇ.ਸ਼ਰਮਾ ਆਈ.ਏ.ਐਸ.
ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ